# ਇਸ ਪ੍ਰੋਗਰਾਮ ਬਾਰੇ

ਜੇ ਤੁਸੀਂ ਕਿਸੇ ਜੁਰਮ ਦੇ ਸ਼ਿਕਾਰ ਹੋਏ ਹੋ ਤਾਂ ਅਸੀਂ ਤੁਹਾਡੀ ਜਜ਼ਬਾਤੀ ਮਦਦ ਕਰ ਸਕਦੇ ਹਾਂ, ਤੁਹਾਡੇ ਹੱਕਾਂ ਬਾਰੇ ਜਾਣਕਾਰੀ ਦੇ ਸਕਦੇ ਹਾਂ, ਕਾਨੂੰਨੀ ਜਾਣਕਾਰੀ ਦੇ ਸਕਦੇ ਹਾਂ ਅਤੇ ਤੁਹਾਡੇ ਠੀਕ ਹੋਣ ਵਿਚ ਮਦਦ ਲਈ ਤੁਹਾਨੂੰ ਹੋਰ ਮਦਦ ਕੋਲ ਭੇਜ ਸਕਦੇ ਹਾਂ।

ਇਹ ਪ੍ਰੋਗਰਾਮ ਬਹੁਸਭਿਆਚਾਰਕ ਅਤੇ ਇਮੀਗਰਾਂਟ ਲੋਕਾਂ ਦੀਆਂ ਖਾਸ ਲੋੜਾਂ ਵਿਚ ਸੇਵਾਵਾਂ ਦਿੰਦਾ ਹੈ। ਸਾਡਾ ਪੀੜਤਾਂ ਲਈ ਬਹੁਸਭਿਆਚਾਰਕ ਸੇਵਾਵਾਂ ਦਾ ਪ੍ਰੋਗਰਾਮ (ਮਲਟੀਕਲਚਰਲ ਵਿਕਟਮ ਸਰਵਿਸਿਜ਼ ਪ੍ਰੋਗਰਾਮ) ਇਕ ਮੁਫਤ ਅਤੇ ਭੇਤਦਾਰੀ ਵਾਲਾ ਪ੍ਰੋਗਰਾਮ ਹੈ ਜੋ ਕਿ ਵੈਨਕੂਵਰ ਅਤੇ ਬਰਨਬੀ ਵਿਚ ਸਾਰੇ ਜੁਰਮਾਂ ਤੋਂ ਪੀੜਤਾਂ ਦੀ ਠੀਕ ਹੋਣ ਵਿਚ ਮਦਦ ਕਰਨ ਲਈ ਹੈ। ਮਦਦ ਲੈਣ ਲਈ ਤੁਹਾਨੂੰ ਜੁਰਮ ਬਾਰੇ ਪੁਲੀਸ ਕੋਲ ਰਿਪੋਰਟ ਕਰਨ ਦੀ ਲੋੜ ਨਹੀਂ ਹੈ।

# ਅਸੀਂ ਕਿਵੇਂ ਮਦਦ ਕਰ ਸਕਦੇ ਹਾਂ

ਸਾਡੀਆਂ ਪੀੜਤਾਂ ਲਈ ਬਹੁਸਭਿਆਚਾਰਕ ਸੇਵਾਵਾਂ ਦਫਤਰ ਵਿਚ ਜਾਂ ਫੋਨ ਰਾਹੀਂ ਆਹਮੋ ਸਾਹਮਣੇ ਦਿੱਤੀਆਂ ਜਾਂਦੀਆਂ ਹਨ। ਅਸੀਂ ਤੁਹਾਨੂੰ ਸੁਣਨ, ਤੁਹਾਡੇ ਸਵਾਲਾਂ ਅਤੇ ਫਿਕਰਾਂ ਦੇ ਜਵਾਬ ਦੇਣ, ਸੇਫਟੀ ਪਲੈਨ ਬਣਾਉਣ ਵਿਚ ਤੁਹਾਡੀ ਮਦਦ ਕਰਨ ਲਈ, ਇਹ ਦੱਸਣ ਲਈ ਕਿ ਤੁਸੀਂ ਕੀ ਕਰ ਸਕਦੇ ਹੋ, ਅਤੇ ਲੋੜ ਮੁਤਾਬਕ ਤੁਹਾਨੂੰ ਹੋਰ ਸੇਵਾਵਾਂ ਬਾਰੇ ਦੱਸ ਪਾਉਣ ਲਈ ਇੱਥੇ ਹਾਂ। ਅਸੀਂ ਸਲਾਹ ਨਹੀਂ ਦਿੰਦੇ ਜਾਂ ਤੁਹਾਨੂੰ ਇਹ ਨਹੀਂ ਦੱਸਦੇ ਕਿ ਤੁਸੀਂ ਕੀ ਕਰਨਾ ਹੈ। ਅਸੀਂ ਤੁਹਾਡੀਆਂ ਚੋਣਾਂ ਬਾਰੇ ਗੱਲ ਕਰਦੇ ਹਾਂ ਅਤੇ ਇਹ ਫੈਸਲਾ ਤੁਸੀਂ ਕਰਦੇ ਹੋ ਕਿ ਤੁਸੀਂ ਕੀ ਕਰਨਾ ਚਾਹੁੰਦੇ ਹੋ। ਅਸੀਂ ਕੁਝ ਅਪੌਇੰਟਿਮੈਂਟਾਂ 'ਤੇ ਤੁਹਾਡੇ ਨਾਲ ਜਾ ਸਕਦੇ ਹਾਂ ਤਾਂ ਜੋ ਤੁਸੀਂ ਜਾਣਕਾਰੀ ਅਤੇ ਮਦਦ ਲੈ ਸਕੋ।

**ਤੁਹਾਨੂੰ ਇਹ ਇਕੱਲੇ ਕਰਨ ਦੀ ਲੋੜ ਨਹੀਂ ਹੈ।**

# ਮੋਜ਼ੈਕ ਬਾਰੇ

ਮੋਜ਼ੈਕ ਬਿਨਾਂ ਮੁਨਾਫੇ ਤੋਂ ਕੰਮ ਕਰਨ ਵਾਲੀ ਇਕ ਸੰਸਥਾ ਹੈ ਅਤੇ ਇਹ 1976 ਤੋਂ ਇਮੀਗਰਾਂਟਾਂ ਅਤੇ ਨਵੇਂ ਆਉਣ ਵਾਲਿਆਂ ਨੂੰ ਸੇਵਾਵਾਂ ਦੇਣ ਲਈ ਰਜਿਸਟਰਸ਼ੁਦਾ ਚੈਰਿਟੀ ਹੈ। ਇਸ ਵੇਲੇ ਅਸੀਂ ਮੈਟਰੋ ਵੈਨਕੂਵਰ ਵਿਚ ਕਈ ਥਾਂਵਾਂ ਵਿਚ ਕੈਨੇਡੀਅਨ ਸਿਟੀਜ਼ਨਾਂ, ਨਵੇਂ ਆਇਆਂ, ਰਫਿਊਜੀਆਂ, ਇਮੀਗਰਾਂਟਾਂ, ਅਤੇ ਟੈਂਪਰੇਰੀ ਬਦੇਸ਼ੀ ਕਾਮਿਆਂ ਲਈ ਵੱਡੇ ਪੱਧਰ 'ਤੇ ਸੇਵਾਵਾਂ ਦੇ ਰਹੇ ਹਾਂ।

**ਇਸ ਪ੍ਰੋਗਰਾਮ ਦੇ ਇਲਾਵਾ, ਮੋਜ਼ੈਕ ਇਹ ਸੇਵਾਵਾਂ ਵੀ ਦਿੰਦੀ ਹੈ:**

ਬੱਚਿਆਂ ਅਤੇ ਪਰਿਵਾਰਾਂ ਲਈ ਸੇਵਾਵਾਂ
ਰੁਜ਼ਗਾਰ ਦੇ ਪ੍ਰੋਗਰਾਮ । ਅੰਗਰੇਜ਼ੀ ਬੋਲੀ ਦੇ ਸੈਂਟਰ
ਦੋਭਾਸ਼ੀਏ ਦੀਆਂ ਸੇਵਾਵਾਂ । ਵਸੇਬੇ ਦੇ ਪ੍ਰੋਗਰਾਮ
ਖਾਸ ਸੇਵਾਵਾਂ । ਅਨੁਵਾਦ ਦੀਆਂ ਸੇਵਾਵਾਂ

**ਸੰਪਰਕ ਕਰਨ ਬਾਰੇ ਜਾਣਕਾਰੀ ਲਈ, ਜਾਂ ਇਨ੍ਹਾਂ ਸੇਵਾਵਾਂ ਬਾਰੇ ਜ਼ਿਆਦਾ ਪਤਾ ਲਾਉਣ ਲਈ ਕਿਰਪਾ ਕਰਕੇ www.mosaicbc.org 'ਤੇ ਜਾਉ ਜਾਂ 604.254.9626 'ਤੇ ਫੋਨ ਕਰੋ।**

@mosaicbc

MOSAIC

ASPIRE to Excellence® carf CANADA ACCREDITED

BRITISH COLUMBIA

*ਇਹ ਪ੍ਰੋਗਰਾਮ ਮਨਿਸਟਰੀ ਔਫ ਪਬਲਿਕ ਸੇਫਟੀ ਐਂਡ ਸੋਲਿਸਟਰ ਜਨਰਲ ਦੀ ਮਦਦ ਨਾਲ ਦਿੱਤਾ ਜਾਂਦਾ ਹੈ*


# ਸੰਪਰਕ ਕਰਨ ਬਾਰੇ ਜਾਣਕਾਰੀ

ਇਸ ਪ੍ਰੋਗਰਾਮ ਤੋਂ ਮਦਦ ਲੈਣ ਲਈ, ਜਾਂ ਕਿਸੇ ਨੂੰ ਇਸ ਪ੍ਰੋਗਰਾਮ ਕੋਲ ਭੇਜਣ ਲਈ, ਕਿਰਪਾ ਕਰਕੇ ਸਾਡੇ ਨਾਲ ਅੱਗੇ ਲਿਖੇ ਨੰਬਰ 'ਤੇ ਸੰਪਰਕ ਕਰੋ:
**604.254.9626**
*(ਸੋਮਵਾਰ-ਸ਼ੁਕਰਵਾਰ- ਸਵੇਰ ਦੇ 9 ਵਜੇ ਤੋਂ ਸ਼ਾਮ ਦੇ 5 ਵਜੇ ਤੱਕ)*

ਦਫਤਰ ਬੰਦ ਹੋਣ ਤੋਂ ਬਾਅਦ ਸੰਪਰਕ:
**VictimLink BC @ 1-800.563.0808**

©MOSAIC February 2017 [Punjabi]

# ਪੀੜਤਾਂ ਲਈ ਬਹੁਸਭਿਆਚਾਰਕ ਸੇਵਾਵਾਂ ਦਾ ਪ੍ਰੋਗਰਾਮ



*ਕਵਰ ਦਾ ਆਰਟ ਵਰਕ: ਸ਼ੀਲ ਨੌਰਗੇਟ। ਆਰਟਿਸਟ ਦੀ ਆਗਿਆ ਨਾਲ ਦੁਬਾਰਾ ਵਰਤਿਆ।*

MOSAIC

***40 ਤੋਂ ਜ਼ਿਆਦਾ ਸਾਲਾਂ ਤੋਂ ਨਵੇਂ ਆਉਣ ਵਾਲਿਆਂ ਨੂੰ ਕੈਨੇਡੀਅਨ ਸਮਾਜ ਵਿਚ ਪੂਰੀ ਤਰ੍ਹਾਂ ਹਿੱਸਾ ਲੈਣ ਦੇ ਯੋਗ ਬਣਾਉਂਦੇ ਹੋਏ***

# ਸਾਡੀ ਮਦਦ ਵਿਚ ਸ਼ਾਮਲ ਹੈ

**ਗੱਲ ਸੁਣਨਾ ਅਤੇ ਮਦਦ ਕਰਨਾ –** ਅਸੀਂ ਤੁਹਾਡੀ ਕਹਾਣੀ ਸੁਣਾਂਗੇ ਅਤੇ ਆਪਣੇ ਸਦਮੇ ਨਾਲ ਸਿੱਝਣ ਵਿਚ ਤੁਹਾਡੀ ਮਦਦ ਕਰਾਂਗੇ। ਅਸੀਂ ਇਹ ਪਹਿਲ ਮਿੱਥਣ ਵਿਚ ਤੁਹਾਡੀ ਮਦਦ ਕਰ ਸਕਦੇ ਹਾਂ ਕਿ ਤੁਸੀਂ ਕੀ ਕਰ ਸਕਦੇ ਹੋ ਅਤੇ ਤੁਸੀਂ ਮਦਦ ਲਈ ਹੋਰ ਕਿਸ ਕੋਲ ਜਾ ਸਕਦੇ ਹੋ।

**ਅਮਲੀ ਜਾਣਕਾਰੀ ਪ੍ਰਦਾਨ ਕਰਨਾ –** ਅਸੀਂ ਇਨ੍ਹਾਂ ਬਾਰੇ ਜਾਣਕਾਰੀ ਦੇ ਸਕਦੇ ਹਾਂ: ਬੁਰੇ ਵਰਤਾਉ ਅਤੇ ਜੁਰਮ ਬਾਰੇ ਜਾਣਕਾਰੀ; ਸੇਫਟੀ ਦੀ ਵਿਉਂਤਬੰਦੀ; ਕਾਨੂੰਨੀ ਸਹਾਇਤਾ; ਵਕੀਲ ਕੋਲ ਭੇਜੇ ਜਾਣ ਦੀਆਂ ਸੇਵਾਵਾਂ ਅਤੇ ਕਾਨੂੰਨੀ ਚੋਣਾਂ; ਐਮਰਜੰਸੀ ਵਿਚ ਰਿਹਾਇਸ਼ਾਂ ਅਤੇ ਟ੍ਰਾਂਜ਼ੀਸ਼ਨ ਹਾਊਸ; ਇਨਕਮ ਅਸਿਸਟੈਂਸ (ਵੈਲਫੇਅਰ); ਬੀ.ਸੀ. ਦੇ ਰਿਹਾਇਸ਼ਾਂ ਦੇ ਪ੍ਰੋਗਰਾਮ; ਵਰਕ ਸੇਫ ਬੀ.ਸੀ.; ਹੈਲਥ ਕਲੀਨਿਕ; ਕਮਿਉਨਟੀ ਸੈਂਟਰ; ਡੇਅਕੇਅਰ; ਅਤੇ ਕਮਿਉਨਟੀ ਵਿਚ ਉਪਲਬਧ ਹੋਰ ਵਸੀਲੇ।

**ਪੁਲੀਸ ਜਾਂ ਵਕੀਲਾਂ ਦੇ ਸਬੰਧ ਵਿਚ ਮਦਦ ਕਰਨਾ –** ਅਸੀਂ ਕੇਸ ਨਾਲ ਸੰਬੰਧਿਤ ਪੜਤਾਲਾਂ, ਹਿਫਾਜ਼ਤੀ ਆਰਡਰਾਂ ਬਾਰੇ ਜਾਣਕਾਰੀ ਲੈਣ ਲਈ ਪੁਲੀਸ ਨਾਲ ਕੰਮ ਕਰਨ ਵਿਚ ਤੁਹਾਡੀ ਮਦਦ ਕਰ ਸਕਦੇ ਹਾਂ, ਜਾਂ ਅਦਾਲਤੀ ਪੇਸ਼ੀਆਂ ਜਾਂ ਕਸਟੱਡੀ ਦੇ ਫੈਸਲਿਆਂ ਦੇ ਨਤੀਜਿਆਂ ਦਾ ਪਤਾ ਲਾਉਣ ਵਿਚ ਮਦਦ ਕਰ ਸਕਦੇ ਹਾਂ। ਅਸੀਂ ਤੁਹਾਨੂੰ ਇਹ ਦੱਸ ਸਕਦੇ ਹਾਂ ਕਿ ਗਵਾਹ ਹੋਣ ਦਾ ਕੀ ਮਤਲਬ ਹੈ, ਅਦਾਲਤ ਵਿਚ ਬੋਲਣ-ਚਾਲਣ ਦੇ ਕੀ ਨਿਯਮ ਹਨ ਅਤੇ ਅਦਾਲਤੀ ਕਾਰਵਾਈ ਕਿਵੇਂ ਚੱਲਦੀ ਹੈ।

**ਪੇਪਰਾਂ ਦੇ ਕੰਮ ਵਿਚ ਮਦਦ ਕਰਨਾ –** ਅਸੀਂ ਜੁਰਮ ਦੇ ਪੀੜਤਾਂ ਲਈ ਮਦਦ ਦੇ ਪ੍ਰੋਗਰਾਮ ਦੀ ਅਰਜ਼ੀ ਭਰਨ ਵਿਚ, ਪੀੜਤ 'ਤੇ ਅਸਰ ਦੇ ਬਿਆਨ ਤਿਆਰ ਕਰਨ ਵਿਚ ਅਤੇ ਅਦਾਲਤੀ ਮੰਤਵਾਂ ਲਈ ਮੁਆਵਜ਼ੇ ਦੇ ਬਿਆਨ ਤਿਆਰ ਕਰਨ ਵਿਚ ਤੁਹਾਡੀ ਮਦਦ ਕਰ ਸਕਦੇ ਹਾਂ ਅਤੇ ਤੁਹਾਡੀ ਹਾਲਤ ਦੱਸਣ ਲਈ ਕੰਮ ਵਾਲੀ ਥਾਂ ਜਾਂ ਰਿਹਾਇਸ਼ ਲਈ ਚਿੱਠੀਆਂ ਲਿਖ ਸਕਦੇ ਹਾਂ ਅਤੇ ਇਹ ਦੱਸ ਸਕਦੇ ਹਾਂ ਕਿ ਤੁਹਾਨੂੰ ਉਨ੍ਹਾਂ ਤੋਂ ਕਿਸ ਕਿਸਮ ਦੀ ਮਦਦ ਦੀ ਲੋੜ ਹੋ ਸਕਦੀ ਹੈ।

**ਤੁਹਾਡੇ ਲਈ ਹਿਮਾਇਤ ਕਰਨਾ –** ਤੁਹਾਡੀ ਹੋਰ ਮਦਦ ਕਰਨ ਲਈ, ਤੁਹਾਡੀ ਸਹਿਮਤੀ ਨਾਲ, ਅਸੀਂ ਤੁਹਾਡੀ ਕੰਮ ਵਾਲੀ ਥਾਂ, ਇਨਕਮ ਅਸਿਸਟੈਂਸ, ਟ੍ਰਾਂਜ਼ੀਸ਼ਨ ਹਾਊਸ, ਐਮਰਜੰਸੀ ਰਿਹਾਇਸ਼, ਪੁਲੀਸ ਅਫਸਰ, ਸਰਕਾਰੀ ਵਕੀਲ, ਵਕੀਲ, ਲੀਗਲ ਏਡ, ਮੈਡੀਕਲ ਪ੍ਰੋਫੈਸ਼ਨਲ ਜਾਂ ਹੋਰ ਢੁਕਵੇਂ ਲੋਕਾਂ/ਸੰਸਥਾਵਾਂ ਨੂੰ ਫੋਨ ਕਰ ਸਕਦੇ ਹਾਂ।

**ਆਮ ਮਦਦ –** ਅਸੀਂ ਤੁਹਾਡੇ ਨਾਲ ਜਨਤਕ, ਸੁਰੱਖਿਅਤ ਥਾਂਵਾਂ 'ਤੇ ਮਿਲ ਸਕਦੇ ਹਾਂ ਜਿਵੇਂ ਕਿ: ਕੋਰਟਹਾਊਸ, ਲੀਗਲ ਏਡ ਦੇ ਦਫਤਰ, ਵਕੀਲਾਂ ਦੇ ਦਫਤਰ, ਫੈਮਿਲੀ ਜਸਟਿਸ ਸੈਂਟਰ, ਇਨਕਮ ਅਸਿਸਟੈਂਸ ਜਾਂ ਕਮਿਉਨਟੀ ਦੇ ਹੋਰ ਦਫਤਰ। ਅਸੀਂ ਤੁਹਾਨੂੰ ਸਹਾਰਾ ਦੇਣ ਲਈ ਇੱਥੇ ਹਾਂ। ਤੁਸੀਂ ਇਕੱਲੇ ਨਹੀਂ ਹੋ।

## ਪੀੜਤ (ਵਿਕਟਿਮ) ਉਹ ਹੈ...

- ਜਿਸ ਉੱਪਰ ਕਿਸੇ ਰਿਸ਼ਤੇਦਾਰ (ਪਤੀ, ਪਾਰਟਨਰ, ਪਰਿਵਾਰ) ਵਲੋਂ ਜਾਂ ਪੂਰੀ ਤਰ੍ਹਾਂ ਕਿਸੇ ਅਜਨਬੀ ਵਲੋਂ ਹਮਲਾ ਕੀਤਾ ਗਿਆ ਹੈ
- ਜਿਸ ਦੀਆਂ ਨਿੱਜੀ ਚੀਜ਼ਾਂ ਖੋਹ ਲਈ ਗਈਆਂ ਹਨ
- ਜਿਸ ਦਾ ਕਿਸੇ ਅਜਨਬੀ ਵਲੋਂ ਜਾਂ ਸਾਬਕਾ ਸਾਥੀ ਵਲੋਂ ਪਿੱਛਾ ਕੀਤਾ ਗਿਆ ਹੈ ਜਾਂ ਪਰੇਸ਼ਾਨ ਕੀਤਾ ਗਿਆ ਹੈ
- ਜਿਸ 'ਤੇ ਸਰੀਰਕ ਹਿੰਸਾ ਜਾਂ ਹਥਿਆਰਾਂ ਨਾਲ ਹਮਲਾ ਕੀਤਾ ਗਿਆ ਹੈ ਜਾਂ ਜ਼ਖਮੀ ਕੀਤਾ ਗਿਆ ਹੈ
- ਜਿਸ 'ਤੇ ਕਾਮੁਕ ਹਮਲਾ ਕੀਤਾ ਗਿਆ ਹੈ ਜਾਂ ਸਹਿਮਤੀ ਦੇ ਬਿਨਾਂ ਗਲਤ ਢੰਗ ਨਾਲ ਛੂਹਿਆ ਗਿਆ ਹੈ
- ਜਿਸ ਨੂੰ ਅਗਵਾ ਕੀਤਾ ਗਿਆ ਹੈ
- ਜਿਹੜਾ ਕਿਸੇ ਰਿਸ਼ਤੇ ਵਿਚ (ਪਤੀ, ਪਾਰਟਨਰ, ਪਰਿਵਾਰ) ਕਬਜ਼ਾ ਕਰਨ ਵਾਲੇ ਅਤੇ ਕੰਟਰੋਲ ਕਰਨ ਵਾਲੇ ਵਤੀਰੇ ਕਾਰਨ ਡਰਦਾ ਹੈ
- ਜਿਸ ਨੂੰ ਇਹ ਦੱਸਣ ਲਈ ਮਜ਼ਬੂਰ ਕੀਤਾ ਗਿਆ ਹੈ ਕਿ ਤੁਸੀਂ ਆਪਣੇ ਪੈਸੇ ਕਿਵੇਂ ਖਰਚੇ ਹਨ
- ਜਿਸ ਨੂੰ ਇਹ ਦੱਸਿਆ ਗਿਆ ਹੈ ਕਿ ਜੇ ਤੁਸੀਂ ਪੁਲੀਸ ਨੂੰ ਫੋਨ ਕਰੋਗੇ ਤਾਂ ਪੁਲੀਸ ਯਕੀਨ ਨਹੀਂ ਕਰੇਗੀ ਜਾਂ ਤੁਹਾਨੂੰ ਸਮਝੇਗੀ ਨਹੀਂ
- ਜਿਸ ਨੂੰ ਪਤੀ/ਪਤਨੀ ਜਾਂ ਪਰਿਵਾਰ ਦੇ ਮੈਂਬਰ ਵਲੋਂ ਇਹ ਦੱਸਿਆ ਗਿਆ ਹੈ ਕਿ ਤੁਸੀਂ ਕੰਮ ਨਹੀਂ ਕਰ ਸਕਦੇ, ਅੰਗਰੇਜ਼ੀ ਦੀਆਂ ਕਲਾਸਾਂ ਨਹੀਂ ਲੈ ਸਕਦੇ ਜਾਂ ਜੌਬ ਦੀ ਟਰੇਨਿੰਗ ਨਹੀਂ ਲੈ ਸਕਦੇ
- ਜਿਸ ਨੂੰ ਦੱਸਿਆ ਗਿਆ ਹੈ ਕਿ ਤੁਹਾਡਾ ਬੱਚਾ ਪਤੀ/ਪਤਨੀ ਜਾਂ ਪਰਿਵਾਰ ਦੇ ਮੈਂਬਰ ਵਲੋਂ ਤੁਹਾਡੇ ਤੋਂ ਸਦਾ ਲਈ ਖੋਹ ਲਿਆ ਜਾਵੇਗਾ
- ਜਿਸ ਨੂੰ ਧਮਕੀ ਦਿੱਤੀ ਗਈ ਹੈ ਕਿ ਤੁਹਾਡੇ ਬੱਚਿਆਂ ਦੀ ਕਸਟੱਡੀ ਜਾਂਦੀ ਰਹੇਗੀ
- ਜਿਸ ਨੂੰ ਇਹ ਧਮਕੀ ਦਿੱਤੀ ਗਈ ਹੈ ਕਿ ਤੁਹਾਡੇ ਇਮੀਗਰੇਸ਼ਨ ਜਾਂ ਸਪੌਂਸਰਸ਼ਿਪ ਦੀ ਸਥਿਤੀ 'ਤੇ ਅਸਰ ਪਵੇਗਾ
- ਜਿਸ ਨੂੰ ਇਹ ਦੱਸਿਆ ਗਿਆ ਹੈ ਜਾਂ ਜਿਹੜਾ ਇਹ ਯਕੀਨ ਕਰਦਾ ਹੈ ਕਿ ਕੈਨੇਡਾ ਵਿਚ ਤੁਹਾਡੇ ਕੋਈ ਹੱਕ ਨਹੀਂ ਹਨ
- ਜਿਸ ਦੀ ਲਗਾਤਾਰ ਅਲੋਚਨਾ ਹੁੰਦੀ ਹੈ, ਜਿਸ ਨੂੰ ਇਹ ਦੱਸਿਆ ਜਾਂਦਾ ਹੈ ਕਿ ਤੁਸੀਂ ਮੋਟੇ ਹੋ, ਬਦਸ਼ਕਲ ਹੋ, ਮੂਰਖ ਹੋ ਜਾਂ ਕੋਈ ਵੀ ਚੀਜ਼ ਸਹੀ ਨਹੀਂ ਕਰ ਸਕਦੇ
- ਜਿਸ ਨੂੰ ਇਹ ਦੱਸਿਆ ਗਿਆ ਹੈ ਕਿ ਹਰ ਗਲਤੀ ਤੁਹਾਡੀ ਹੈ
- ਜਿਸ ਨੂੰ ਇਹ ਡਰਾਇਆ ਗਿਆ ਹੈ ਕਿ ਪਰਿਵਾਰ ਦਾ ਕੋਈ ਮੈਂਬਰ ਜ਼ਖਮੀ ਹੋਵੇਗਾ ਜਾਂ ਮਾਰਿਆ ਜਾਵੇਗਾ
- ਜਿਸ ਨੂੰ ਇਹ ਦੱਸਿਆ ਗਿਆ ਹੈ ਕਿ ਤੁਹਾਡਾ ਪਾਲਤੂ ਜਾਨਵਰ ਜ਼ਖਮੀ ਹੋ ਗਿਆ ਹੈ ਜਾਂ ਮਰ ਗਿਆ ਹੈ



## ਇਹ ਮਦਦ ਮੰਗੀ ਜਾ ਸਕਦੀ ਹੈ...

- ਤੁਹਾਡੇ ਵਲੋਂ
- ਰਿਸ਼ਤੇਦਾਰਾਂ, ਮੇਜ਼ਬਾਨ ਪਰਿਵਾਰਾਂ, ਜਾਂ ਦੋਸਤਾਂ ਵਲੋਂ
- ਕਮਿਉਨਟੀ ਏਜੰਸੀਆਂ ਜਾਂ ਸਕੂਲਾਂ ਵਲੋਂ
- ਪੁਲੀਸ ਵਲੋਂ
- ਸੋਸ਼ਲ ਵਰਕਰਾਂ ਵਲੋਂ
- ਸਿਹਤ ਮਾਹਰਾਂ ਵਲੋਂ
- ਪੀੜਤਾਂ ਲਈ ਸੇਵਾਵਾਂ ਵਾਲੇ ਪ੍ਰੋਗਰਾਮਾਂ ਵਲੋਂ

## ਉਪਲਬਧ ਜ਼ਬਾਨਾਂ

ਮਲਟੀਕਲਚਰਲ ਵਿਕਟਿਮ ਸਰਵਿਸਿਜ਼ ਲਈ ਬੋਲੀ ਦੀ ਕੁਝ ਮਦਦ ਮਿਲਦੀ ਹੈ, ਪਰ ਕੁਝ ਅੰਗਰੇਜ਼ੀ ਜਾਣਦੇ ਹੋਣਾ ਜ਼ਰੂਰੀ ਹੈ।